Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਹਜ਼ਰਤ ਖ਼ਲੀਫ਼ਾਤੁਲੱ ਮਸੀਹ ਅੱਸਾਨੀ, ਅਲੱ-ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਦੇ ਕੁਝੱ ਇਲਮੀ ਕਾਰਨਾਮੀਆਂ ਬਾਰੇ ਗੈਰ ਅਹਮਦੀ ਵਿਧਵਾਨਾਂ ਦੇ ਵਿਚਾਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 17 ਫ਼ਰਵਰੀ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ۔ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹੁਦੱ, ਤਾਊਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਹਰ ਅਹਮਦੀ ਜਾਣਦਾ ਹੈ ਕਿ 20 ਫ਼ਰਵਰੀ ਦਾ ਦਿਨ ਜਮਾਅਤ'ਚ ਭਵਿਖੱਬਾਣੀ ਮੁਸਲਿਹ ਮੌਊਦ ਦੇ ਹਵਾਲੇ ਨਾਲ ਯਾਦ ਕੀਤਾ ਜਾਂਦਾ ਹੈ। ਜਮਾਅਤ'ਚ ਜਲਸੇ ਵੀ ਹੁੰਦੇ ਹਨ। ਇਹ ਭਵਿਖੱਬਾਣੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਘਰ ਇਕੱ ਬੇਟਾ ਪੈਦਾ ਹੋਣ ਦੀ ਸੀ। ਜੋ ਬਥੇਰੀ ਖ਼ੂਬੀਆਂ ਦਾ ਮਾਲਿਕ ਹੋਵੇਗਾ।

ਹਜ਼ੂਰੇ ਅਨਵਰ ਨੇ ਮੁਸਲਿਹ ਮੌਊਦ ਦੀ ਭਵਿਖੱਬਾਣੀ ਦੇ ਸ਼ਬਦ ਪੈਸ਼ ਕੀਤੇ ਅਤੇ ਉਸ ਮਗਰੋਂ ਭਵਿਖੱਬਾਣੀ ਦੇ ਸਮੇਂ ਅੰਦਰ ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਦੇ ਜਨਮ ਅਤੇ ਆਪ ਰਜ਼ੀ ਅੱਲਾਹ ਅੰਨਹੋ'ਤੇ ਇਸ ਭਵਿਖੱਬਾਣੀ ਦੇ ਪੂਰਾ ਹੋਣ ਬਾਰੇ ਸੰਖੇਪ ਚਰਚਾ ਕੀਤੀ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਸ ਸਮੇਂ ਮੈਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਦੇ ਇਲਮੀ ਅਤੇ ਵੱਖੋ-ਵਖੱ ਕਾਰਨਾਮੀਆਂ'ਚੋਂ ਕੁਝੱ ਦਾ ਜ਼ਿਕਰ ਪੈਸ਼ ਕਰਾਂਗਾ। ਪਰ ਉਸ ਤੋਂ ਪਹਿਲਾਂ ਇਹ ਗਲੱ ਸਾਮ੍ਹਣੇ ਰਖੱਣੀ ਚਾਹੀਦੀ ਹੈ ਕਿ ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਦਾ ਬਾਲਪਨ ਸਿਹਤ ਦੇ ਹਸਾਬ ਨਾਲ ਬਹੁਤ ਕਮਜ਼ੋਰੀ'ਚ ਲੰਘਿਆ। ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਦੀ ਸੰਸਾਰਿਕ ਸਿਖਿੱਆ ਨ ਹੋਣ ਦੇ ਬਰਾਬਰ ਸੀ। ਪਰ ਕਿਉਂਕਿ ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਦਾ ਹਰ ਪ੍ਰਕਾਰ ਦੇ ਗਿਆਨ ਨਾਲ ਭਰਪੂਰ ਹੋਣ ਦਾ ਰਬੱ ਵੱਲੋਂ ਵਚਨ ਸੀ। ਇਸੇ ਲਈ ਰਬੱ ਨੇ ਆਪ ਰਜ਼ੀ ਅੱਲਾਹ ਅੰਨਹੋ ਤੋਂ ਉਹ ਖ਼ੁਤਬੇ ਅਤੇ ਖ਼ਿਤਾਬ ਕਰਵਾਏ ਜੋ ਅਕਲ ਨੂੰ ਹੈਰਾਨ ਕਰਨ ਵਾਲੇ ਹਨ ਅਜੀਹੇ ਲੇਖ ਆਪ ਰਜ਼ੀ ਅੱਲਾਹ ਅੰਨਹੋ ਨੇ ਲਿੱਖੇ ਜੋ ਆਪਣੀ ਮਿਸਾਲ ਆਪ ਹਨ ਅਤੇ ਗੈਰ ਵੀ ਇਸ ਨੂੰ ਮੰਨਦੇ ਹਨ। ਅਜੱ ਇਸ ਬਾਰੇ ਮੈਂ ਕੁਝੱ ਹਵਾਲੇ ਪੈਸ਼ ਕਰਾਂਗਾ। ਪਰ ਉਸ ਤੋਂ ਪਹਿਲਾਂ ਮੈਂ ਆਪ ਰਜ਼ੀ

ਅੱਲਾਹ ਅੰਨਹੋ ਦੀਆਂ ਰਚਨਾਵਾਂ, ਖ਼ੁਤਬੇ, ਭਾਸ਼ਣ, ਲੇਖ, ਮਜਲਿਸੇ ਇਰਫ਼ਾਨ ਆਦਿ ਦੀ ਗਿਣਤੀ ਅਤੇ ਆਕਾਰ ਦਾ ਇਕੱ ਅਨੁਮਾਨ ਪੈਸ਼ ਕਰਾਂਗਾ ।

ਆਪ ਰਜ਼ੀ ਅੱਲਾਹ ਅੰਨਹੋ ਦੀਆਂ ਜੋ ਪੁਸਤਕਾਂ, ਖ਼ੁਤਬੇ, ਲੈਕਚਰ, ਸੰਦੇਸ਼, ਅਤੇ ਲੇਖ ਆਦਿ ਪ੍ਰਕਾਸ਼ਿਤ ਹੋਏ ਜਾਂ ਹੁਣ ਕਰੀਬ ਕਰੀਬ ਸੰਪੂਰਨ ਹਨ ਅਤੇ ਪ੍ਰਕਾਸ਼ਿਤ ਹੋਣ ਵਾਲੇ ਹਨ, ਜੋ ਅਨਵਾਰ-ਉਲੱ-ਉਲੂਮ ਦੀ ਸ਼ਕਲ'ਚ ਪ੍ਰਕਾਸ਼ਿਤ ਹੁੰਦੇ ਹਨ, ਉਨ੍ਹਾਂ ਦੀਆਂ ਕੁਲੱ 38 ਜਿਲਦਾਂ ਬਣ ਜਾਣ ਗਿਆ ਅਤੇ ਉਨ੍ਹਾਂ ਦੀ ਗਿਣਤੀ 1424 ਹੈ । ਕੁਲੱ ਪੰਨੇ 20340 ਦੇ ਕਰੀਬ ਬਣ ਜਾਣਗੇ । ਤਫ਼ਸੀਰੇ ਸਗ਼ੀਰ, ਤਫ਼ਸੀਰੇ ਕਬੀਰ, ਅਤੇ ਹੋਰ ਤਫ਼ਸੀਰੀ ਕਾਰਜ ਦੇ ਪੰਨੇ 28735 ਹਨ । 1808 ਖ਼ੁਤਬਾਤੇ ਜੁਮਆ, 51 ਖ਼ੁਤਬਾਤੇ ਈਦ-ਉਲੱ-ਫ਼ਿਤਰ, 42 ਖ਼ੁਤਬਾਤੇ ਈਦ-ਉਲੱ-ਅਜ਼ਹਿਆ, 150 ਖ਼ੁਤਬਾਤੇ ਨਿਕਾਹ, ਖ਼ੁਤਬਾਤੇ ਸ਼ੂਰਾ ਜਿਲਦ 1 ਅਤੇ 3 ਪ੍ਰਕਾਸ਼ਿਤ ਹੋ ਗਈਆਂ ਹਨ । ਇਸ ਦੇ ਪੰਨੇ 2131 ਹਨ । ਜੇਕਰ ਸਾਰੇ ਪੰਨਿਆਂ ਨੂੰ ਜਮ੍ਹਾ ਕੀਤਾ ਜਾਵੇ ਤਾਂ ਇਹ 75 ਹਜ਼ਾਰ ਦੇ ਕਰੀਬ ਬਣ ਜਾਣਗੇ ।

ਹਜ਼ੂਰੇ ਅਨਵਰ ਨੇ ਰੀਸਰਚ ਸੈਲ੍ਹ ਦੇ ਹਵਾਲੇ ਨਾਲ ਅਜੀਹੇ ਲੇਖ, ਭਾਸ਼ਣ ਅਤੇ ਮਜਲਿਸੇ ਇਰਫ਼ਾਨ ਦੇ ਖੋਜ ਪਤੱਰ ਵੀ ਪੈਸ਼ ਕੀਤੇ । ਜੋ ਹਾਲੇ ਪ੍ਰਕਾਸ਼ਿਤ ਨਹੀਂ ਹੋਏ । ਫ਼ਰਮਾਇਆ ਕਿ ਇਹ ਇਕੱ ਅਥਾਹ ਗਿਆਨ ਹੈ । ਇਸ ਸਮੇਂ ਮੈਂ ਪਹਿਲਾਂ ਆਪ ਰਜ਼ੀ ਅੱਲਾਹ ਅੰਨਹੋ ਦੇ ਇਲਮੀ ਕਾਰਨਾਮੀਆਂ'ਚੋਂ ਕੁਰਆਨ ਸ਼ਰੀਫ਼ ਦੇ ਅਨੁਵਾਦ ਤੇ ਤਫ਼ਸੀਰ ਦੇ ਕੁਛੱ ਤਥੱ ਅਤੇ ਗੈਰਾਂ ਦੇ ਕੁਛੱ ਟੀਕੇ ਟਿਪੱਣੀਆਂ ਪੈਸ਼ ਕਰਾਂਗਾ । ਤਫ਼ਸੀਰੇ ਕਬੀਰ'ਚ ਆਪ ਰਜ਼ੀ ਅੱਲਾਹ ਅੰਨਹੋ ਨੇ 59 ਸੂਰਤਾਂ ਦੀ ਤਫ਼ਸੀਰ ਬਿਆਨ ਕੀਤੀ ਹੈ । ਜੋ ਦਸੱ ਜਿਲਦਾਂ'ਚ ਪ੍ਰਕਾਸ਼ਿਤ ਹੈ । ਆਪ ਰਜ਼ੀ ਅੱਲਾਹ ਅੰਨਹੋ ਦੇ ਬਹੁਤ ਸਾਰੇ ਤਫ਼ਸੀਰੀ ਨੋਟਸ ਵੀ ਮਿਲੇ ਹਨ। ਜਿਨ੍ਹਾਂ ਦੀ ਗਿਣਤੀ ਹਜ਼ਾਰਾਂ'ਚ ਹੈ । ਕਿਸੇ ਸਮੇਂ ਉਹ ਵੀ ਪ੍ਰਕਾਸ਼ਿਤ ਹੋ ਜਾਣਗੇ । ਕੁਰਆਨ ਦਾ ਮੁਹਾਵਰੀਆਂ ਸਹਿਤ ਅਨੁਵਾਦ, ਆਪ ਰਜ਼ੀ ਅੱਲਾਹ ਅੰਨਹੋ ਦਾ ਤਫ਼ਸੀਰੇ ਸਗ਼ੀਰ ਦੀ ਸ਼ਕਲ'ਚ ਇਕੱ ਬਹੁਤ ਵੱਡਾ ਕੰਮ ਹੈ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਨੇ ਤਫ਼ਸੀਰੇ ਸਗ਼ੀਰ ਬਾਰੇ ਇਕੱ ਥਾਂ ਫ਼ਰਮਾਇਆ ਕਿ : ਮੇਰਾ ਵਿਚਾਰ ਇਹ ਹੈ ਕਿ ਇਸ ਸਮੇਂ ਤਕੱ ਕੁਰਆਨ ਸ਼ਰੀਫ਼ ਦੇ ਜਿਨ੍ਹੇ ਅਨੁਵਾਦ ਹੋ ਗਏ ਹਨ । ਉਨ੍ਹਾਂ'ਚੋਂ ਕਿਸੇ ਅਨੁਵਾਦ'ਚ ਵੀ ਉਰਦੂ ਮੁਹਾਵਰੀਆਂ ਅਤੇ ਅਰਬੀ ਮੁਹਾਵਰੀਆਂ ਦਾ ਇੰਝ ਖਿਆਲ ਨਹੀਂ ਰਖਿੱਆ ਗਿਆ । ਜਿਵੇਂ ਇਸ'ਚ ਰਖਿੱਆ ਗਿਆ ਹੈ । ਫ਼ਰਮਾਉਂਦੇ ਹਨ : ਪਿਛੱਲੇ ਤੇਰ੍ਹਾਂ ਸੌ ਸਾਲਾਂ'ਚ ਵੱਡੇ ਵੱਡੇ ਮਜ਼ਬੂਤ ਜਵਾਨ ਲੰਘੇ ਹਨ । ਪਰ ਜੋ ਕੰਮ ਰਬੱ ਨੇ ਮੈਥੋਂ ਲਿਆ ਹੈ । ਉਸ ਦੀ ਉਨ੍ਹਾਂ'ਚੋਂ ਕਿਸੇ ਨੂੰ ਵੀ ਸ਼ਕਤੀ ਨਹੀਂ ਮਿਲੀ । ਅਸਲ'ਚ ਇਹ ਕੰਮ ਰਬੱ ਦਾ ਹੈ ਅਤੇ ਉਹ ਜਿਸ ਤੋਂ ਚਾਹੁੰਦਾ ਹੈ ਕਰਵਾਉਂਦਾ ਹੈ ।

ਫ਼ਿਰ ਇਕੱ ਹੋਰ ਥਾਂ ਆਪ ਨੇ ਫ਼ਰਮਾਇਆ : ਰਬੱ ਦੀ ਮਿਹਰ ਅਤੇ ਕਿਰਪਾ ਨਾਲ ਕੁਰਆਨ ਸ਼ਰੀਫ਼ ਦਾ ਸਾਰਾ ਅਨੁਵਾਦ ਸੰਪੂਰਨ ਹੋ ਗਿਆ ਹੈ । ਅਰਥਾਤ الحمد لله ਤੋਂ والناس ਤਕੱ ਤਫ਼ਸੀਰ ਸਹਿਤ । ਜਿਸ ਬਾਰੇ ਤਫ਼ਸੀਰੇ ਕਬੀਰ ਨਾਲ ਮੁਕਾਬਲਾ ਕਰਨ ਨਾਲ ਪਤਾ ਲੱਗਦਾ ਹੈ ਕਿ ਕਈ ਵਿਸ਼ੇ ਸੰਖੇਪ ਨਾਲ ਉਸ'ਚ ਅਜੀਹੇ ਆਏ ਹਨ ਕਿ ਜਿਹੜ੍ਹੇ ਤਫ਼ਸੀਰੇ ਸਗ਼ੀਰ'ਚ ਵੀ ਨਹੀਂ ਆਏ ।

ਫ਼ਿਰ ਤਫ਼ਸੀਰ-ਉਲ੍ਹੱ-ਕੁਰਆਨ ਅੰਗਰੇਜ਼ੀ ਦਾ ਵੀ ਇਕੱ ਵੱਡਾ ਕੰਮ ਹੋਇਆ। ਜਿਸ ਨੂੰ ਅਸੀਂ FIVE VOLUME COMMENTERY ਕਹਿੰਦੇ ਹਨ। ਇਸ ਤਫ਼ਸੀਰ ਦੇ ਸ਼ੁਰੂ'ਚ ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਦੇ ਕਲਮ ਨਾਲ ਲਿਖਿੱਆ ਹੋਇਆ ਇਕੱ ਗਿਆਨ ਭਰਪੂਰ ਦੀਬਾਚਾ ਵੀ ਸ਼ਾਮਿਲ ਹੈ ਜਿਸ'ਚ ਦੂਜੀਆਂ ਆਕਾਸ਼ੀ ਕਿਤਾਬਾਂ ਦੀ ਹੋਂਦ'ਚ ਕੁਰਆਨ ਸ਼ਰੀਫ਼ ਦੀ ਲੋੜ੍ਹ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਪਵਿੱਤਰ ਜੀਵਨੀ, ਕੁਰਆਨ ਇਕੱਤਰ ਕਰਨ ਅਤੇ ਕੁਰਆਨੀ ਸਿਖਿਆਵਾਂ'ਤੇ ਅਣੋਖੇ ਢੰਗ ਨਾਲ ਚਾਨਣ ਪਾਇਆ ਹੈ। ਆਪ ਰਜ਼ੀ ਅੱਲਾਹ ਅੰਨਹੋ ਨੇ ਇਸ ਦੀਬਾਚੇ ਦੇ ਅੰਤ'ਚ ਇਹ ਵੀ ਲਿਖਿੱਆ ਹੈ ਕਿ ਮੈਂ ਇਹ ਵੀ ਕਹਿ ਦੇਣਾ ਚਾਹੁੰਣਾ ਹਾਂ ਕਿ ਹਜ਼ਰਤ ਖ਼ਲੀਫ਼ਾ ਅਵੱਲ ਦਾ ਵਿਦਿਆਰਥੀ ਹੋਣ ਕਰਕੇ ਕਈ ਵਿਸ਼ੇ ਮੇਰੀ ਤਫ਼ਸੀਰ'ਚ ਜ਼ਰੂਰ ਅਜੀਹੇ ਆਏ ਹਨ, ਜੋ ਮੈਂ ਉਨ੍ਹਾਂ ਤੋਂ ਸਿੱਖੇ। ਇਸ ਲਈ ਇਸ ਤਫ਼ਸੀਰ'ਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਤਫ਼ਸੀਰ ਵੀ, ਹਜ਼ਰਤ ਖ਼ਲੀਫ਼ਾਤੁਲੱ ਮਸੀਹ ਅਲੱ ਅਵੱਲ ਰਜ਼ੀ ਅੱਲਾਹ ਅੰਨਹੋ ਦੀ ਤਫ਼ਸੀਰ ਵੀ ਅਤੇ ਮੇਰੀ ਤਫ਼ਸੀਰ ਵੀ ਆ ਜਾਵੇਗੀ ਅਤੇ ਕਿਉਂਕਿ ਰਬੱ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਆਪਣੀ ਰੂਹ ਦੀ ਛੂਹ ਨਾਲ ਉਹ ਗਿਆਨ ਬਖ਼ਸ਼ੇ ਸਨ। ਜੋ ਇਸ ਜ਼ਮਾਨੇ ਲਈ ਜ਼ਰੂਰੀ ਹਨ ਇਸ ਲਈ ਮੈਂ ਉਮੀਦ ਕਰਦਾ ਹਾਂ ਕਿ ਇਹ ਤਫ਼ਸੀਰ ਬਥੇਰੇ ਬਿਮਾਰਾਂ ਦੀ ਬਿਮਾਰੀ ਦੂਰ ਕਰਨ ਦਾ ਸਾਧਨ ਹੋਵੇਗੀ। ਬਥੇਰੇ ਅੰਨ੍ਹੇ ਇਸ ਰਾਹੀਂ ਅੱਖਾਂ ਪਾਉਣਗੇ। ਬੋਲ੍ਹੇ ਸੁਣਨ ਲਗੱ ਜਾਣਗੇ, ਗੂੰਗੇ ਬੋਲਣ ਲਗੱ ਜਾਣਗੇ। ਲੰਗੜ੍ਹੇ ਤੁਰਨ ਲਗੱ ਜਾਣਗੇ ਅਤੇ ਰਬੱ ਦੇ ਫ਼ਰਿਸ਼ਤੇ ਉਸ ਦੇ ਵਿਸ਼ਿਆਂ ਨੂੰ ਬਰਕਤ ਬਖ਼ਸ਼ਣਗੇ ਅਤੇ ਇਹ ਉਸ ਉਦੇਸ਼ ਨੂੰ ਪੂਰਾ ਕਰੇਗੀ। ਜਿਸ ਉਦੇਸ਼ ਲਈ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਆਮੀਨ

ਅਲਾਮਾ ਨਿਯਾਜ਼ ਫ਼ਤਹਿਪੁਰੀ ਤਫ਼ਸੀਰੇ ਕਬੀਰ ਸੰਬੰਧੀ ਫ਼ਰਮਾਉਂਦੇ ਹਨ : ਇਸ'ਚ ਕੋਈ ਸ਼ਕੱ ਨਹੀਂ ਕਿ ਕੁਰਆਨ ਪੜ੍ਹਣ ਦਾ ਇਕੱ ਬਿਲਕੁਲੱ ਨਵਾਂ ਢੰਗ ਆਪ ਨੇ ਪੈਦਾ ਕੀਤਾ ਹੈ ਅਤੇ ਇਹ ਤਫ਼ਸੀਰ ਆਪਣੀ ਕਿਸਮ ਦੀ ਬਿਲਕੁਲੱ ਪਹਿਲੀ ਤਫ਼ਸੀਰ ਹੈ। ਜਿਸ'ਚ ਅਕਲ ਤੇ ਨਕਲ ਦੀ ਬਹੁਤ ਚੰਗੀ ਢੰਗ ਨਾਲ ਸਾਂਝ ਪੇਸ਼ ਕੀਤੀ ਗਈ ਹੈ।

ਮੌਲਾਨਾ ਅਬੱਦੁਲ ਮਾਜਿਦ ਦਰਯਾਬਾਦੀ ਨੇ ਹਜ਼ਰਤ ਮੁਸਲਿਜ ਮੌਊਦ ਰਜ਼ੀ ਅੱਲਾਹ ਅੰਨਹੋ ਦੇ ਆਕਾਲ ਚਲਾਣੇ'ਤੇ ਲਿਖਿੱਆ ਕਿ ਕੁਰਆਨ ਅਤੇ ਕੁਰਆਨੀ ਗਿਆਨ ਦੇ ਵਿਸ਼ਵਵਿਆਪੀ ਪ੍ਰਕਾਸ਼ਨ ਅਤੇ ਇਸਲਾਮ ਦੇ ਪ੍ਰਚਾਰ ਲਈ ਜੋ ਕੋਸ਼ਿਸ਼ਾਂ ਉਨ੍ਹਾਂ ਨੇ ਸਰਗਰਮੀ ਨਾਲ ਆਪਣੀ ਲੰਮੀ ਉਮਰ'ਚ ਜਾਰੀ ਰਖਿੱਆ। ਉਨ੍ਹਾਂ ਦਾ ਬਦਲਾ ਰਬੱ ਉਨ੍ਹਾਂ ਨੇ ਦੇਵੇ।

ਅਖ਼ਬਾਰ ਇਮਰੋਜ਼ ਲਾਹੌਰ ਨੇ ਤਫ਼ਸੀਰੇ ਸਗ਼ੀਰ ਸੰਬੰਧੀ ਲਿਖਿੱਆ ਹੈ ਕਿ ਇਸ ਸਮੇਂ ਤਫ਼ਸੀਰੇ ਸਗ਼ੀਰ ਨਜ਼ਰ ਦੇ ਸਾਮ੍ਹਣੇ ਹੈ। ਇਹ ਤਫ਼ਸੀਰ ਅਹਮਦੀਆ ਜਮਾਅਤ ਦੇ ਆਗੂ ਹਾਜੀ ਮਿਰਜ਼ਾ ਬਸ਼ੀਰ-ਉਦ-ਦੀਨ ਮਹਿਮੂਦ ਅਹਮਦ ਮਰਹੂਮ ਦੀ ਕੋਸ਼ਿਸ਼ਾਂ ਦਾ ਨਤੀਜਾ ਹੈ। ਕੁਰਆਨ ਸ਼ਰੀਫ਼ ਦੇ ਉਰਦੂ ਅਨੁਵਾਦ

ਨਾਲ ਕਈ ਥਾਵਾਂ ਦੀ ਵਿਆਖ਼ਿਆ ਲਈ ਹਾਸ਼ਿਏ ਅਤੇ ਤਫ਼ਸੀਰੀ ਨੋਟਸ ਦਿੱਤੇ ਗਏ ਹਨ। ਅਨੁਵਾਦ ਅਤੇ ਹਾਸ਼ਿਏ ਦੀ ਭਾਸ਼ਾ ਬਹੁਤ ਸਰਲ ਅਤੇ ਲੋਕ-ਭਾਸ਼ਾ ਹੈ।

ਸਪਤਾਹਿਕ ਕਨਦੀਲ ਨੇ 1966 ਈ'ਚ ਲਿਖਿੱਆ ਕਿ ਤਫ਼ਸੀਰੇ ਸਗ਼ੀਰ'ਚ ਅਨੁਵਾਦ ਅਤੇ ਹਾਸ਼ਿਏ ਦੀ ਭਾਸ਼ਾ ਲੋਕ ਭਾਸ਼ਾ ਹੈ ਤਾਂ ਹਰ ਇਕੱ ਇਸ ਦਾ ਸੁਆਦ ਮਾਣ ਸਕੇ। ਅਨੁਵਾਦ ਅਤੇ ਤਫ਼ਸੀਰ'ਚ ਇਹ ਸੰਯੋਗ ਵੀ ਹੈ ਕਿ ਪੁਰਾਣੀ ਸਾਰੀ ਤਫ਼ਸੀਰਾਂ ਅੰਤ ਤਕੱ ਨਜ਼ਰ'ਚ ਰਖਿੱਆਂ ਗਈਆਂ ਹਨ। ਕੁਰਆਨ ਸ਼ਰੀਫ਼ ਨੂੰ ਇਸ ਖ਼ੂਬੀ ਨਾਲ ਪੈਸ਼ ਕਰਨਾ ਇਸਲਾਮ ਦੀ ਇਕੱ ਬਹੁਤ ਵੱਡੀ ਸੇਵਾ ਹੈ।

ਫ਼ਿਰ ਕੁਰਆਨ ਦੀ ਅੰਗਰੇਜ਼ੀ ਤਫ਼ਸੀਰ ਦੀਆਂ ਧਾਰਮਿਕ ਅਤੇ ਸਾਹਿਤਕ ਖ਼ੂਬੀਆਂ ਨੇ ਯੂਰੋਪ ਦੇ ਚੋਟੀ ਦੇ ਗਿਆਨੀਆਂ ਨੂੰ ਪ੍ਰਭਾਵਿਤ ਕੀਤਾ। ਉਨਾਂ ਨੇ ਇਸ ਦੇ ਸ਼ਾਨਦਾਰ ਰਿਵਯੂ ਕੀਤੇ। ਜਿਵੇਂ ਪ੍ਰਸਿਧ ਸਕਾਲਰ ਏ. ਆਰਬਰੀ ਕਹਿੰਦੇ ਹਨ ਕਿ ਤਫ਼ਸੀਰ ਦੇ ਸ਼ੁਰੂ'ਚ ਇਕੱ ਵਿਆਖਿਆ ਭਰਪੂਰ ਦੀਬਾਚਾ ਹੈ। ਜੋ ਆਪ ਮਿਰਜ਼ਾ ਬਸ਼ੀਰੁਦੱ ਦੀਨ ਮਹਿਮੂਦ ਅਹਮਦ ਨੇ ਲਿਖਿੱਆ ਹੈ। ਜੇਕਰ ਅਸੀਂ ਇਸ ਕੰਮ ਨੂੰ ਇਸਲਾਮ ਦੀ ਵੱਡੀ ਯਾਦਗਾਰ ਕਹਿ ਕੇ ਪੈਸ਼ ਕਰਨ ਤਾਂ ਕੁਝੱ ਗਲਤ ਨਹੀਂ ਹੋਵੇਗਾ। ਉਸ ਦੀ ਤਿਆਰੀ ਦੇ ਹਰ ਮੌਕੇ'ਤੇ ਤਫ਼ਸੀਰ, ਭਾਸ਼ਾ ਕੋਸ਼ ਅਤੇ ਖੋਜ ਤੋਂ ਲਾਭ ਚੁਕਿੱਆ ਗਿਆ ਹੈ। ਅਨੁਵਾਦ ਅੰਗਰੇਜ਼ੀ ਦੀ ਗਲਤੀਆਂ ਤੋਂ ਪਾਕ ਅਤੇ ਬਹੁਤ ਸ਼ਾਨਦਾਰ ਹੈ। ਗੈਰ ਮੁਸਲਿਮਾਂ ਦੇ ਆਰੋਪਾਂ ਦਾ ਰਦੱ ਵੀ ਇਸ'ਚ ਹੈ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਦਾ ਇਲਮੀ ਖ਼ਜ਼ਾਨਾ ਜੋ ਸੰਬੋਧਨਾਂ ਦੀ ਸ਼ਕਲ'ਚ ਆਪ ਰਜ਼ੀ ਅੱਲਾਹ ਅੰਨਹੋ ਨੇ ਸਾਡੇ ਸਾਮ੍ਹਣੇ ਰਖਿੱਆ। ਉਸ ਨੂੰ ਗੈਰਾਂ ਨੇ ਕਿਵੇਂ ਵੇਖਿਆ ਇਸ ਬਾਰੇ। ਜਿਵੇਂ ਆਪ ਦਾ ਇਕੱ ਖਿਤਾਬ " ਨਿਜ਼ਾਮੇ ਨੋ " ਹੈ। ਇਸ ਸੰਬੰਧੀ ਮਿਸਰ ਦੇ ਸਕਾਲਰ ਅੱਬਾਸ ਮਹਿਮੂਦ ਕਹਿੰਦੇ ਹਨ ਕਿ ਜੇਕਰ ਇਹ ਆਵਾਜ਼ ਯੂਰੋਪ ਅਤੇ ਅਮਰੀਕਾ ਦੇ ਅੰਗਰੇਜ਼ੀ ਪੜ੍ਹਣ ਵਾਲੀਆਂ'ਚ ਫ਼ੈਲਾਈ ਜਾਵੇ। ਸਗੋਂ ਭਾਰਤੀਆਂ ਅਤੇ ਪੂਰਬ ਵਾਲੀਆਂ ਵਿਚਕਾਰ ਜਾਵੇ ਤਾਂ ਵੀ ਜ਼ਰੂਰ ਅਸਰ ਵਿਖਾਏਗੀ।

ਫ਼ਿਰ " ਇਸਲਾਮ'ਚ ਵਿਵਾਦਾਂ ਦਾ ਆਰੰਭ " ਆਪ ਰਜ਼ੀ ਅੱਲਾਹ ਅੰਨਹੋ ਦਾ ਇਕੱ ਲੈਕਚਰ ਹੈ। ਅਜੀਹਾ ਗਿਆਨ ਭਰਪੂਰ ਅਤੇ ਇਸਲਾਮੀ ਇਤਿਹਾਸ'ਤੇ ਪਕੜ੍ਹ ਰਖੱਣ ਵਾਲਾ ਲੈਕਚਰ ਸੀ ਕਿ ਵੱਡੇ ਵੱਡੇ ਇਤਿਹਾਸਕਾਰ ਵੀ ਹਜ਼ੂਰ ਰਜ਼ੀ ਅੱਲਾਹ ਅੰਨਹੋ ਦੇ ਸਾਮ੍ਹਣੇ ਆਪਣੇ ਆਪ ਨੂੰ ਬੱਚੇ ਸਮਝਣ ਲੱਗੇ। ਸਯੱਦ ਅਬਦੁਲੱ ਕਾਦਰ ਸਾਹਿਬ ਪ੍ਰੋਫ਼ੈਸਰ ਇਸਲਾਮੀਆ ਕਾਲਜ ਲਾਹੌਰ ਕਹਿੰਦੇ ਹਨ ਕਿ ਮੇਰਾ ਖਿਆਲ ਹੈ ਕਿ ਅਜੀਹਾ ਮੋਹ ਲੈਣ ਵਾਲਾ ਲੇਖ, ਇਸਲਾਮੀ ਇਤਿਹਾਸ ਦਾ ਸ਼ੌਕ ਰਖੱਣ ਵਾਲੀਆਂ ਦੀ ਨਜ਼ਰ'ਚੋਂ ਕਦੇ ਪਹਿਲਾਂ ਨਹੀਂ ਲੰਘਿਆ ਹੋਵੇਗਾ।

ਆਪ ਰਜ਼ੀ ਅੱਲਾਹ ਅੰਨਹੋ ਦਾ ਇਕੱ ਖ਼ਿਤਾਬ ਇਸਲਾਮ ਦੇ ਵਿੱਤੀ ਨਿਜ਼ਾਮ ਬਾਰੇ ਵੀ ਸੀ। ਇਹ ਭਾਸ਼ਣ ਢਾਈ ਘੰਟੇ ਤਕੱ ਜਾਰੀ ਰਿਹਾ। ਪੜ੍ਹੇ ਲਿੱਖੇ ਲੋਕਾਂ ਦੇ ਹਜ਼ਾਰਾਂ ਦੇ ਇਕੱਠ ਨੇ ਇਸ ਨੂੰ ਸੁਣਿਆ। ਲਾਲਾ ਰਾਮ ਚੰਦਰ ਐਡਵੋਕੇਟ ਲਾਹੌਰ ਹਾਈ ਕੋਰਟ ਨੇ ਕਿਹਾ ਕਿ ਮੈਨੂੰ ਇਸ ਭਾਸ਼ਣ ਤੋਂ ਬਹੁਤ ਲਾਭ

ਪਹੁੰਚਾ। ਪਹਿਲਾਂ ਤਾਂ ਮੈਂ ਸਮਝਦਾ ਸੀ ਅਤੇ ਇਹ ਮੇਰੀ ਗਲਤੀ ਸੀ ਕਿ ਇਸਲਾਮ ਆਪਣੇ ਕਾਨੂੰਨਾਂ'ਚ ਕੇਵਲ ਮੁਸਲਮਾਨਾਂ ਦਾ ਹੀ ਖਿਆਲ ਰਖੱਦਾ ਹੈ। ਪਰ ਅਜੱ ਹਜ਼ਰਤ ਇਮਾਮ ਜਮਾਅਤੇ ਅਹਮਦੀਆ ਦੇ ਭਾਸ਼ਣ ਤੋਂ ਪਤਾ ਲਗਿੱਆ ਕਿ ਇਸਲਾਮ ਸਾਰੀਆਂ'ਚ ਸਮਾਨਤਾ ਦੀ ਸਿਖਿੱਆ ਦਿੰਦਾ ਹੈ।

1924 ਈ'ਚ ਜਦੋਂ ਹਜ਼ੂਰ ਰਜ਼ੀ ਅੱਲਾਹ ਅੰਨਹੋ ਯੂਰੋਪ ਗਏ ਤਾਂ ਰਾਹ'ਚ ਅਰਬ ਦੇਸ਼ਾਂ'ਚ ਵੀ ਠਹਿਰੇ ਇਸ ਬਾਰੇ ਅਖ਼ਬਾਰ " ਫ਼ਤਹੁਲੱ ਅਰਬ " ਨੇ ਆਪਣੇ 10 ਅਗਸਤ 1924 ਈ ਦੇ ਪ੍ਰਕਾਸ਼ਨ'ਚ ਲਿਖਿੱਆ ਕਿ ਖ਼ਲੀਫ਼ਾ ਸਾਹਿਬ ਚਾਲ੍ਹੀ ਸਾਲ ਦੇ ਹਨ। ਮੂੰਹ'ਤੇ ਕਾਲੀ ਸਿੱਧੀ ਦਾੜ੍ਹੀ ਰਖੱਦੇ ਹਨ। ਚਹਿਰਾ ਗੰਦਮੀ ਹੈ ਅਤੇ ਰੌਹਬਦਾਰ ਹੈ। ਦੋਵੇਂ ਅੱਖਾਂ ਸੂਝਬੂਝ, ਸਮਝਦਾਰੀ ਅਤੇ ਗੈਰ ਮਾਮੂਲੀ ਇਲਮ ਅਤੇ ਅਕਲ ਦੀ ਖ਼ਬਰ ਦਿੰਦੀਆਂ ਹਨ। ਆਪ ਉਨ੍ਹਾਂ ਦੇ ਚਿਹਰੇ'ਚ, ਜਦੱਕਿ ਉਹ ਬਰਫ਼ ਵਰਗੀ ਚਿੱਟੀ ਪਗੜ੍ਹੀ ਪਾਏ ਖੜ੍ਹੇ ਹੋਣ, ਇਹ ਦਮਾਗੀ ਗੁਣ ਵੇਖੋ ਤਾਂ ਆਪ ਨੂੰ ਯਕੀਨ ਹੋ ਜਾਵੇਗਾ ਕਿ ਆਪ ਇਕੱ ਅਜੀਹੇ ਮਨੁਖੱ ਮੋਹਰੇ ਖੜ੍ਹੇ ਹੋ ਕਿ ਜੋ ਇਸ'ਤੋਂ ਪਹਿਲਾਂ ਕਿ ਆਪ ਉਸ ਨੂੰ ਸਮਝਣ ਉਹ ਆਪ ਨੂੰ ਖ਼ੂਬ ਸਮਝਦਾ ਹੈ। ਆਪ ਦੇ ਹੋਠਾਂ'ਤੇ ਮੁਸਕਰਾਹਟ ਖਿੜਦੀ ਹੈ। ਜੋ ਕਦੇ ਪ੍ਰਕਟ ਅਤੇ ਕਦੇ ਲੁਕੱਵੀਂ ਹੁੰਦੀ ਹੈ। ਜੇਕਰ ਆਪ ਇਸ ਮੁਸਕਰਾਹਟ ਦੇ ਹੇਠਾਂ ਜੋ ਅਰਥ ਹਨ ਅਤੇ ਜੋ ਰੌਹਬ ਹੁੰਦਾ ਹੈ। ਉਸ ਨੂੰ ਵੇਖਣ ਤਾਂ ਆਪ ਹੈਰਾਨ ਹੋ ਜਾਣਗੇ।

ਅਜੀਹੇ ਬਥੇਰੇ ਵਿਚਾਰ ਹਨ। ਵਿਚਾਰ ਬਹੁਤ ਸਨ ਜਿਹੜ੍ਹੇ ਜਮ੍ਹਾ ਕੀਤੇ ਗਏ ਸਨ। ਪਰ ਸਮੇਂ ਦੇ ਅਨੁਸਾਰ ਸੰਖੇਪ'ਚ ਪੈਸ਼ ਕੀਤਾ ਹੈ। ਜੋ ਗੱਲ੍ਹਾਂ ਭਵਿਖੱਬਾਣੀ'ਚ ਰਬੱ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਦਸਿੱਆਂ ਸਨ। ਉਹ ਸਾਰੀਆਂ ਹੀ ਹਜ਼ਰਤ ਮਿਰਜ਼ਾ ਬਸ਼ੀਰ-ਉਦੱ-ਦੀਨ ਮਹਿਮੂਦ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੋ'ਚ ਪੂਰੀਆਂ ਹੋਇਆਂ। ਆਪ ਰਜ਼ੀ ਅੱਲਾਹ ਅੰਨਹੋ ਨੂੰ ਰਬੱ ਨੇ ਜੋ ਇਲਮ ਅਤੇ ਇਰਫ਼ਾਨ ਦਿੱਤਾ ਸੀ। ਉਸ ਦਾ ਵੱਡੇ ਤੋਂ ਵੱਡਾ ਵਿਧਵਾਨ ਵੀ ਮੁਕਾਬਲਾ ਨਹੀਂ ਕਰ ਸਕਦਾ। ਆਪ ਰਜ਼ੀ ਅੱਲਾਹ ਅੰਨਹੋ ਦਾ ਦਿੱਤਾ ਹੋਇਆ ਲੈਕਚਰ ਇਕੱ ਜਮਾਅਤੀ ਖ਼ਜ਼ਾਨਾ ਹੈ। ਆਪ ਰਜ਼ੀ ਅੱਲਾਹ ਅੰਨਹੋ ਦੇ ਖ਼ੁਤਬੇ ਅਤੇ ਖ਼ਿਤਾਬ ਆਦਿ ਜੋ ਪ੍ਰਕਾਸ਼ਿਤ ਹੋ ਚੁੱਕੇ ਹਨ। ਸਾਨੂੰ ਉਨਾਂ ਨੂੰ ਪੜਣਾ ਚਾਹੀਦਾ ਹੈ। ਹੁਣ ਅਨੁਵਾਦ ਦਾ ਵੀ ਕੰਮ ਹੋ ਰਿਹਾ ਹੈ। ਰਬੱ ਸਾਨੂੰ ਇਸ ਇਲਮੀ ਖ਼ਜ਼ਾਨੇ ਤੋਂ ਲਾਭ ਚੁਕੱਣ ਦੀ ਸ਼ਕਤੀ ਬਖ਼ਸ਼ੇ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔